ਨੰ. 15/27/2008-2ਪੀ.ਪੀ. 1(ਪ.ਫ਼.1)/ 823

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ, ਚੰਡੀਗੜ੍ਹ 10/9/2021

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- **ਗਰੁੱਪ ਏ.,ਬੀ.,ਸੀ. ਅਤੇ ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2020-21 ਦੀਆਂ ਏ.ਪੀ.ਏ.ਆਰਜ਼ ਦੀ ਸਮੇਂ ਸਾਰਣੀ ਦੇ ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ ਅਥਾਰਟੀ ਦਾ ਸਮਾਂ ਵਧਾਉਣ ਸਬੰਧੀ।**

**(ਕੇਵਲ ਪੀ.ਸੀ.ਐਸ ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ)**

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:15/27/2008-2ਪੀ.ਪੀ.1-700-701, ਮਿਤੀ 03.08.2021 ਵੱਲ ਦਿਵਾਂਉਦੇ ਹੋਏ, ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ ਅਥਾਰਟੀ ਵੱਲੋਂ ਉਨ੍ਹਾਂ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਏ.ਪੀ.ਏ.ਆਰਜ਼ ਲਿਖਣ ਦਾ ਸਮਾਂ ਵਧਾਇਆ ਗਿਆ ਸੀ। ਪਰੰਤੂ ਇਹ ਧਿਆਨ ਵਿੱਚ ਆਇਆ ਹੈ ਕਿ ਹੁਣ ਵੀ ਇਨ੍ਹਾਂ ਅਥਾਰਟੀਆਂ ਵੱਲੋਂ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼ ਨਹੀਂ ਲਿਖੀਆਂ ਗਈਆਂ ਹਨ, ਜਿਸ ਨੂੰ ਸਰਕਾਰ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ। ਪਰੰਤੂ ਫਿਰ ਵੀ ਅਧਿਕਾਰੀਆਂ/ਕਰਮਚਾਰੀਆਂ ਦੇ ਹਿੱਤਾਂ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਰਿਪੋਰਟਕਰਤਾ ਅਧਿਕਾਰੀਆਂ ਨੂੰ ਇੱਕ ਹਫ਼ਤੇ ਦਾ ਹੋਰ ਸਮਾਂ ਦੇ ਦਿੱਤਾ ਜਾਵੇ, ਤਾਂ ਜੋ ਸਾਰੇ ਅਧਿਕਾਰੀ ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼ ਲਿਖ ਸਕਣ। ਇਸ ਲਈ ਨਵੀਂ ਸਮੇਂ ਸਾਰਣੀ ਅਨੁਸਾਰ ਸਾਰੇ ਅਧਿਕਾਰੀ (ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ) ਆਪਣੇ ਅਧੀਨ ਆਉਂਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਏ.ਪੀ.ਏ.ਆਰਜ਼ ਲਿਖਣੀ ਯਕੀਨੀ ਬਣਾਉਣ।

2. **ਪੀ.ਸੀ.ਐਸ ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ)** ਦੀ ਏ.ਪੀ.ਏ.ਆਰਜ਼ ਲਿਖਣ ਦੀ ਸਮੇਂ ਸਾਰਣੀ ਵਿੱਚ ਹੇਠ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

| ਲੜੀ ਨੰ. | | ਮੌਜੂਦਾ ਮਿਤੀ (for 2020-2021) | ਸੋਧੀ ਹੋਈ ਮਿਤੀ |
|---|---|---|---|
| 1. | ਰਿਪੋਰਟ ਕਰਤਾ ਅਧਿਕਾਰੀ ਵੱਲੋਂ ਟਿੱਪਣੀ ਦਰਜ ਕੀਤੀ ਜਾਵੇਗੀ | 16 ਅਗਸਤ ਤੱਕ | 17 ਸਤੰਬਰ ਤੱਕ |

| | | | |
|---|---|---|---|
| 2. | ਰੀਵਿਊ ਕਰਤਾ ਅਧਿਕਾਰੀ ਵੱਲੋਂ ਟਿੱਪਣੀ ਦਰਜ ਕੀਤੀ ਜਾਵੇਗੀ | 15 ਸਤੰਬਰ ਤੱਕ | 30 ਸਤੰਬਰ ਤੱਕ |
| 3. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕੀਤੀ ਜਾਵੇਗੀ | 18 ਅਕਤੂਬਰ ਤੱਕ | 31 ਅਕਤੂਬਰ ਤੱਕ |

ਵਿਸ਼ਵਾਸਪਾਤਰ

ਸਰਬਜੀਤ ਕੌਰ 10.9.21
ਅਧੀਨ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਸਰਬਜੀਤ ਕੌਰ 10.9.21
ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰਜ਼/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅੰ:ਵਿ:ਪੱ:ਨੰ:15/27/2008-2ਪੀ.ਪੀ.1(ਪ.ਫ਼.1)/ 824 ਮਿਤੀ, ਚੰਡੀਗੜ੍ਹ: 10/9/2021
ਅੰ:ਵਿ:ਪੱ:ਨੰ: 15/27/2008-2ਪੀ.ਪੀ.1(ਪ.ਫ਼.1)/ 825 ਮਿਤੀ, ਚੰਡੀਗੜ੍ਹ: 10/9/2021

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆਂ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਸਰਬਜੀਤ ਕੌਰ 10.9.21
ਅਧੀਨ ਸਕੱਤਰ, ਪ੍ਰਸੋਨਲ